# ਕਿਰ੍ਪਟੋ ਬਾਰੇ ਸਮਝਦਾਰ ਬਣੋ

ਕਿਰ੍ਪਟੋ ਸੰਪਤੀਆਂ ਡਿਜੀਟਲ ਸੰਪਤੀਆਂ ਹਨ।ਉਹਨਾਂ ਨੂੰ ਇੱਕ ਡਿਜ਼ੀਟਲ ਲੇਜ਼ਰ ਸਿਸਟਮ ਦੁਆਰਾ ਵੰਡਿਆ ਜਾਂਦਾ ਹੈ ਜਿਸਨੂੰ ਬਲਾਕਚੈਨ ਕਿਹਾ ਜਾਂਦਾ ਹੈ। ਇਹ ਕੰਪਿਊਟਰਾਂ ਦੇ ਨੈੱਟਵਰਕ ਰਾਹੀਂ ਕਿਰ੍ਪਟੋ ਲੈਣ-ਦੇਣ ਨੂੰ ਰਿਕਾਰਡ ਕਰਦਾ ਹੈ ਅਤੇ ਕਿਰ੍ਪਟੋ ਸੰਪਤੀ ਦੀ ਕਸਟਡੀ ਦੀ ਲੜੀ ਦਾ ਪਰ੍ਬੰਧਨ ਕਰਦਾ ਹੈ।

## ਕਿਰ੍ਪਟੋਕਰੰਸੀ

ਕਿਰ੍ਪਟੋ ਸੰਪਤੀ ਦੀ ਸਭ ਤੋਂ ਆਮ ਕਿਸਮ ਕਿਰ੍ਪਟੋਕਰੰਸੀ ਹੈ। ਇਸਦਾ ਮਕਸਦ ਇੱਕ ਡਿਜੀਟਲ ਕਰੰਸੀ ਦੀ ਤਰਹ੍ਾਂ ਕੰਮ ਕਰਨਾ ਹੈ। ਪਰੰਪਰਾਗਤ ਮੁਦਰਾਵਾਂ ਦੇ ਉਲਟ, ਕਿਰ੍ਪਟੋਕਰੰਸੀ ਨੂੰ ਸਰਕਾਰ ਜਾਂ ਕੇਂਦਰੀ ਬੈਂਕ ਦੁਆਰਾ ਜਾਰੀ ਜਾਂ ਸਮਰਥਨ ਨਹੀ ਕੀਤਾ ਜਾਂਦਾ।

ਬਿਟਕੌਇਨ ਸਭ ਤੋਂ ਪਰ੍ਸਿੱਧ ਕਿਰ੍ਪਟੋਕਰੰਸੀ ਹੈ ਪਰ ਵੱਖ-ਵੱਖ ਵਿਸ਼ੇਸ਼ਤਾਵਾਂ ਅਤੇ ਕਾਰਜਾਂ ਦੇ ਨਾਲ ਕਈ ਹੋਰ ਵੀ ਹਨ। ਇਸ ਸਮੇਂ, ਜ਼ਿਆਦਾਤਰ ਕਿਰ੍ਪਟੋਕਰੰਸੀਆਂ ਮੁੱਖ ਤੌਰ 'ਤੇ ਚੀਜ਼ਾਂ ਜਾਂ ਸੇਵਾਵਾਂ ਨੂੰ ਖਰੀਦਣ ਜਾਂ ਵਪਾਰ ਕਰਨ ਲਈ ਨਹੀ ਵਰਤੀਆਂ ਜਾਂਦੀਆਂ। ਨਿਵੇਸ਼ਕ ਕਿਰ੍ਪਟੋਕਰੰਸੀ ਰੱਖਦੇ ਹਨ ਕਿਉਂਕਿ ਉਹਨਾਂ ਨੂੰ ਉਮੀਦ ਹੈ ਕਿ ਉਹਨਾਂ ਦੀਆਂ ਕਿਰ੍ਪਟੋਕਰੰਸੀਆਂ ਦੇ ਮੁੱਲ ਵਿੱਚ ਵਾਧਾ ਹੋਵੇਗਾ।

## ਹੋਰ ਕਿਰ੍ਪਟੋ ਸੰਪਤੀਆਂ

**ਕਿਰ੍ਪਟੋ ਸੰਪਤੀਆਂ ਦੀਆਂ ਕਈ ਕਿਸਮਾਂ ਹਨ, ਜਿਸ ਵਿੱਚ ਸ਼ਾਮਲ ਹਨ:**

- **ਡਿਜੀਟਲ ਟੋਕਨ:** ਉਹਨਾਂ ਕੋਲ ਖਾਸ ਕਾਰਜਕੁਸ਼ਲਤਾ, ਅਨੁਮਤੀਆਂ ਅਤੇ ਉਹਨਾਂ ਨਾਲ ਸੰਬੰਧਿਤ ਸ਼ਰਤਾਂ ਹਨ। ਉਦਾਹਰਨ ਲਈ, ਗੈਰ-ਫੰਜੀਬਲ ਟੋਕਨ (NFTs) ਨਿਵੇਸ਼ਕਾਂ ਨੂੰ ਇੱਕ ਵਿਲੱਖਣ ਸੰਪਤੀ, ਅਕਸਰ ਡਿਜੀਟਲ ਆਰਟਵਰਕ ਦੀ ਮਲਕੀਅਤ ਪਰ੍ਾਪਤ ਕਰਨ ਦੀ ਇਜਾਜ਼ਤ ਦਿੰਦੇ ਹਨ।
- **ਕਿਰ੍ਪਟੋ ਫੰਡ:** ਤੁਹਾਨੂੰ ਕਿਰ੍ਪਟੋ ਸੰਪਤੀਆਂ ਨੂੰ ਸਿੱਧੇ ਖਰੀਦਣ, ਮਾਲਕੀ ਜਾਂ ਟਰੇਡ ਕੀਤੇ ਬਿਨਾਂ ਐਕਸੈਸ ਕਰਨ ਦੀ ਆਗਿਆ ਦਿੰਦਾ ਹੈ। ਇਹ ਫੰਡ ਉਹਨਾਂ ਨਿਵੇਸ਼ਕਾਂ ਨੂੰ ਅਪੀਲ ਕਰ ਸਕਦੇ ਹਨ ਜੋ ਤਕਨਾਲੋਜੀ ਦੀ ਸੰਭਾਵਨਾ ਨੂੰ ਦੇਖਦੇ ਹਨ ਪਰ ਸੰਪਤੀਆਂ ਦੇ ਮਾਲਕ ਹੋਣ ਦੀ ਗੁੰਝਲਤਾ ਨਹੀ ਚਾਹੁੰਦੇ।

## ਕਿਵੇਂ ਖਰੀਦੀਏ

**ਕਿਰ੍ਪਟੋ ਸੰਪਤੀਆਂ ਨੂੰ ਖਰੀਦਣ ਦੇ ਕਈ ਤਰੀਕੇ ਹਨ, ਜਿਵੇਂ ਕਿ:**

- **ਕਿਰ੍ਪਟੋ ਸੰਪਤੀ ਟਰੇਡਿੰਗ ਪਲੇਟਫਾਰਮ:** ਔਨਲਾਈਨ ਟਰੇਡਿੰਗ ਸੇਵਾਵਾਂ ਜੋ ਨਿਵੇਸ਼ਕਾਂ ਨੂੰ ਕਿਰ੍ਪਟੋ ਸੰਪਤੀਆਂ ਨੂੰ ਖਰੀਦਣ ਅਤੇ ਵੇਚਣ ਦੀ ਆਗਿਆ ਦਿੰਦੀਆਂ ਹਨ। ਓਨਟਾਰੀਓ ਵਿੱਚ ਕੁਝ ਕਿਰ੍ਪਟੋ ਸੰਪਤੀ ਟਰੇਡਿੰਗ ਪਲੇਟਫਾਰਮ ਰਜਿਸਟਰਡ ਹਨ। ਹੋਰ ਸੂਚੀ ਵਿੱਚ ਸ਼ਾਮਲ ਹੋ ਸਕਦੇ ਹਨ ਜਿਵੇਂ-ਜਿਵੇਂ OSC ਅਰਜ਼ੀਆਂ ਦੀ ਆਪਣੀ ਚਰਚਾ ਅਤੇ ਸਮੀਖਿਆ ਜਾਰੀ ਰੱਖਦਾ ਹੈ।
- **ਇਨੀਸ਼ੀਅਲ ਕੌਇਨ ਔਫਰਿੰਗ (ICO):** ਕਿਰ੍ਪਟੋ ਸੰਪਤੀਆਂ ਨੂੰ ਜਾਰੀ ਕਰਕੇ ਫੰਡ ਇਕੱਠਾ ਕਰਨ ਦੀ ਮੰਗ ਕਰਨ ਵਾਲੇ ਕਾਰੋਬਾਰ ਸ਼ਾਮਲ ਹਨ।
- **ਕਿਓਸਕ:** ਫਿਜ਼ੀਕਲ ਏ ਟੀ ਐੱਮ (ATM) ਜਾਂ ਔਨਲਾਈਨ ਸੇਵਾਵਾਂ।

## ਵਾਲੇਟ ਅਤੇ ਕੁੰਜੀ (keys)

ਜਦੋਂ ਤੁਸੀ ਕਿਰ੍ਪਟੋ ਸੰਪਤੀਆਂ ਖਰੀਦਦੇ ਹੋ, ਤਾਂ ਤੁਸੀ ਸੰਪਤੀਆਂ ਨੂੰ ਬਲਾਕਚੈਨ 'ਤੇ ਇੱਕ ਡਿਜੀਟਲ ਪਤੇ 'ਤੇ ਰੱਖਦੇ ਹੋ। ਵਾਲੇਟ ਉਹ ਤਕਨਾਲੋਜੀਆਂ ਜਾਂ ਉਤਪਾਦ ਹਨ ਜੋ ਬਲਾਕਚੈਨ 'ਤੇ ਤੁਹਾਡੀਆਂ ਸੰਪਤੀਆਂ ਨਾਲ ਜੁੜੀਆਂ ਕੁੰਜੀਆਂ (keys) ਦਾ ਪਰ੍ਬੰਧਨ ਕਰਨ ਵਿੱਚ ਤੁਹਾਡੀ ਮਦਦ ਕਰਦੇ ਹਨ। ਤੁਹਾਡਾ ਡਿਜੀਟਲ ਵਾਲੇਟ ਇੱਕ ਨਿਰਧਾਰਤ ਜਨਤਕ ਕੁੰਜੀ ਅਤੇ ਇੱਕ ਨਿੱਜੀ ਕੁੰਜੀ ਦੇ ਨਾਲ ਆਉਂਦਾ ਹੈ, ਜਿਸ ਵਿੱਚ ਅੱਖਰਾਂ ਅਤੇ ਸੰਖਿਆਵਾਂ ਦੀ ਇੱਕ ਸਤਰ ਹੁੰਦੀ ਹੈ।

- **ਜਨਤਕ ਕੁੰਜੀ (public key):** ਤੁਸੀ ਲੈਣ-ਦੇਣ ਪਰ੍ਾਪਤ ਕਰਨ ਲਈ ਇਸਨੂੰ ਸਾਂਝਾ ਕਰ ਸਕਦੇ ਹੋ।ਇਹ ਨੈੱਟਵਰਕ 'ਤੇ ਤੁਹਾਡੇ ਖਾਤੇ ਦੀ ਪਛਾਣ ਕਰਦਾ ਹੈ ਅਤੇ ਲੈਜੱਰ ਵਿੱਚ ਲੱਭਿਆ ਜਾ ਸਕਦਾ ਹੈ।
- **ਪਰ੍ਾਈਵੇਟ ਕੁੰਜੀ (private key):** ਤੁਹਾਨੂੰ ਇਸ ਜਾਣਕਾਰੀ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ।ਇਹ ਤੁਹਾਡੇ ਦੁਆਰਾ ਲੈਣ-ਦੇਣ ਨੂੰ ਅਨਲੌਕ ਕਰਨ ਲਈ ਵਰਤੀ ਜਾਂਦੀ ਹੈ।ਇਹ ਸਾਬਤ ਕਰਦਾ ਹੈ ਕਿ ਤੁਸੀ ਲੈਣ-ਦੇਣ ਦੇ ਮਾਲਕ ਹੋ।

## ਜੋਖਮ

ਕਿਰ੍ਪਟੋ ਸੰਪਤੀ ਦੀਆਂ ਕੀਮਤਾਂ ਬਹੁਤ ਅਸਥਿਰ ਹੋ ਸਕਦੀਆਂ ਹਨ ਅਤੇ ਦਿਨ ਦੇ ਦੌਰਾਨ ਕਈ ਵਾਰ ਵਧ ਜਾਂ ਘਟ ਸਕਦੀਆਂ ਹਨ।ਕਿਰ੍ਪਟੋ ਸੰਪਤੀਆਂ ਧੋਖਾਧੜੀ, ਹੇਰਾਫੇਰੀ ਅਤੇ ਸਾਈਬਰ ਹਮਲਿਆਂ ਦਾ ਸ਼ਿਕਾਰ ਵੀ ਬਣ ਸਕਦੀਆਂ ਹਨ।ਜਦੋਂ ਕਿ ਕੁਝ ਕਿਰ੍ਪਟੋ ਸੰਪਤੀਆਂ ਓਨਟਾਰੀਓ ਸੈਕਿਉਰਿਟੀਜ਼ ਕਾਨੂੰਨ ਅਧੀਨ ਆਉਂਦੀਆਂ ਹਨ, ਕਈ ਨਹੀ ਵੀ ਆਉਂਦੀਆਂ। ਕਿਰ੍ਪਟੋ ਧੋਖਾਧੜੀ ਦੇ ਇਹਨਾਂ ਖਤਰਿਆਂ ਤੋਂ ਸੁਚੇਤ ਰਹੋ:

- **ਉੱਚ ਦਬਾਅ ਦੀ ਵਿਕਰੀ ਦੀਆਂ ਰਣਨੀਤੀਆਂ:** ਤੁਹਾਨੂੰ ਕਿਸੇ ਕੰਪਨੀ ਤੋਂ ਕਈ ਫੋਨ ਆਉਂਦੇ ਹਨ ਜੋ ਤੁਹਾਨੂੰ ਹੁਣੇ ਕਾਰਵਾਈ ਕਰਨ ਲਈ ਕਹਿੰਦੇ ਹਨ, ਜੇ ਨਹੀ ਕਰੋਗੇ ਤਾਂ ਮੌਕਾ ਗੁਆ ਦਿਓਗੇ।
- **ਸੱਚ ਹੋਣਾ ਬਹੁਤ ਵਧੀਆ ਹੈ:** ਤੁਹਾਨੂੰ ਔਨਲਾਈਨ ਖਾਤੇ ਦੇ ਵੇਰਵੇ ਗੈਰ-ਯਥਾਰਥਕ, ਤੇਜ਼ ਵਾਧੇ ਦੇ ਨਾਲ ਦਿਖਾਏ ਗਏ ਹਨ, ਤਾਂ ਜੋ ਤੁਸੀ ਹੋਰ ਪੈਸਾ ਨਿਵੇਸ਼ ਕਰੋ।
- **ਉੱਚ ਰਿਟਰਨ ਦੀ ਗਾਰੰਟੀ:** ਤੁਹਾਨੂੰ ਗੈਰ-ਯਥਾਰਥਕ ਵਾਪਸੀ ਦਾ ਵਾਅਦਾ ਕੀਤਾ ਗਿਆ ਹੈ, ਜਿਵੇਂ ਕਿ 300% ਵਾਧਾ।
- **ਕਿਸੇ ਤਜ਼ਰਬੇ ਦੀ ਲੋੜ ਨਹੀ:** ਤੁਹਾਨੂੰ ਟਰੇਡਿੰਗ ਗਿਆਨ ਦੀ ਘਾਟ ਬਾਰੇ ਚਿੰਤਾ ਨਾ ਕਰਨ ਲਈ ਕਿਹਾ ਗਿਆ ਹੈ।
- **ਟਰੋਜਨ ਹਾਰਸ:** ਤੁਹਾਨੂੰ ਆਪਣੇ ਕੰਪਿਊਟਰ 'ਤੇ ਇੱਕ ਐਪ ਡਾਊਨਲੋਡ ਕਰਨ ਲਈ ਕਿਹਾ ਜਾਂਦਾ ਹੈ ਜੋ ਅਸਲ ਵਿੱਚ ਧੋਖੇਬਾਜ਼ਾਂ ਨੂੰ ਤੁਹਾਡੇ ਕੰਪਿਊਟਰ (ਜਿਵੇਂ ਕਿ AnyDesk) ਤੱਕ ਪਹੁੰਚ ਪਰ੍ਦਾਨ ਕਰਦਾ ਹੈ।
- **ਘੱਟ ਲੈਣ ਲਈ ਜ਼ਿਆਦਾ ਭੁਗਤਾਨ ਕਰਨਾ:** ਤੁਹਾਨੂੰ ਕਢਵਾਉਣ ਤੋਂ ਪਹਿਲਾਂ ਹੋਰ ਪੈਸੇ ਦੇਣ ਲਈ ਕਿਹਾ ਜਾਂਦਾ ਹੈ।

ਨਿਵੇਸ਼ ਕਰਨ ਤੋਂ ਪਹਿਲਾਂ, **CheckBeforeYouInvest.ca** 'ਤੇ ਫਰਮ/ਟਰੇ੍ਡਿੰਗ ਪਲੇਟਫਾਰਮ ਦੀ ਰਜਿਸਟਰੇ੍ਸ਼ਨ ਦੀ ਜਾਂਚ ਕਰੋ

**GetSmarterAboutCrypto.ca** 'ਤੇ ਹੋਰ ਜਾਣੋ

**Ontario Securities Commission**
20 Queen St. W., 22nd Floor, Toronto, Ontario M5H 3S8
**Tel:** 1-877-785-1555 **Email:** inquiries@osc.gov.on.ca